# ਔਰਤ ਨਾਟਕ ਮੇਲਾ

ਅੱਜ 15 ਅਕਤੂਬਰ ਫਗਵਾੜਾ ਵਿਚ ਔਰਤਾਂ ਨੂੰ ਅਜੋਕੇ ਸਮੇਂ ਵਿਚ ਦਰਪੇਸ਼ ਸਮੱਸਿਆਵਾਂ, ਮੰਗਾਂ, ਮਸਲਿਆਂ ਸਬੰਧੀ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਵਿਚ ਇਕ ਵਿਸ਼ਾਲ ਨਾਟਕ ਮੇਲਾ ਕੀਤਾ ਜਾ ਰਿਹਾ ਹੈ। ਇਸਦਾ ਪ੍ਰਬੰਧ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਅਤੇ ਔਰਤ ਜਾਗ੍ਰਿਤੀ ਮੰਚ, ਫਗਵਾੜਾ ਨੇ ਕੀਤਾ ਹੈ। ਇਸ ਤੋਂ ਪਹਿਲਾਂ 22 ਜੁਲਾਈ 2000 ਪਿੰਡ ਢਪਾਲੀ (ਰਾਮਪੁਰਾ ਫੂਲ) ਵਿਖੇ ਸਾਰੀ ਰਾਤ ਦਾ ਔਰਤ ਨਾਟਕ ਮੇਲਾ ਕੀਤਾ ਗਿਆ ਸੀ, ਜਿਸਦਾ ਸਹਿਯੋਗ ਪਲਸ ਮੰਚ ਨੇ ਦਿੱਤਾ ਸੀ ਅਤੇ ਪ੍ਰਬੰਧ ਔਰਤ ਮੁਕਤੀ ਮੋਰਚਾ ਪੰਜਾਬ ਵੱਲੋਂ ਸੁਖਵਿੰਦਰ ਕੌਰ ਦੀ ਅਗਵਾਈ ਵਿਚ ਕੀਤਾ ਗਿਆ ਸੀ। ਫਗਵਾੜਾ ਦੇ ਔਰਤ ਮੇਲੇ ਦੀ ਜ਼ਿੰਮੇਵਾਰੀ ਮੁੱਖ ਤੌਰ 'ਤੇ ਸੁਮਨ ਲਤਾ ਨੇ ਸੰਭਾਲੀ ਹੈ। ਔਰਤਾਂ ਨਾਲ ਜੁੜਦੇ ਇਹ ਨਾਟਕ ਮੇਲੇ ਪਲਸ ਮੰਚ ਦੀ ਮਿਥੀ ਹੋਈ ਨੀਤੀ ਅਨੁਸਾਰ ਕੀਤੇ ਜਾ ਰਹੇ ਹਨ।

ਸਾਡੀ ਅੱਧੀ ਆਬਾਦੀ ਔਰਤਾਂ ਦੀ ਹੈ। ਕੋਈ ਸਮਾਜ ਤਰੱਕੀ ਕਰਨ ਦਾ ਸੁਪਨਾ ਹੀ ਨਹੀਂ ਲੈ ਸਕਦਾ ਜੇਕਰ ਔਰਤਾਂ ਚੇਤੰਨ ਹੋ ਕੇ ਮਰਦ ਦੇ ਮੋਢੇ ਨਾਲ ਮੋਢਾ ਨਹੀਂ ਡਾਂਹਦੀਆਂ। ਇਹ ਨਾਟਕ ਮੇਲੇ ਔਰਤਾਂ ਦੀ ਲਹਿਰ ਵਿਚ ਉਸ ਧਾਰਨਾ ਦੀਆਂ ਸਮਰਥਕ ਔਰਤ ਜਥੇਬੰਦੀਆਂ ਦੇ ਸਹਿਯੋਗ ਨਾਲ ਕੀਤੇ ਜਾਂਦੇ ਹਨ ਜੋ ਸਮਝਦੀਆਂ ਹਨ ਕਿ ਔਰਤਾਂ ਦੀ ਮੁਕਤੀ ਸਮੁੱਚੀ ਮਿਹਨਤਕਸ਼ ਲੋਕਾਂ ਦੀ ਮੁਕਤੀ ਲਹਿਰ ਦਾ ਇਕ ਅੰਗ ਹੈ। ਇਹ ਨੂੰ ਨਾਰੀਵਾਦ ਤੱਕ ਮਹਿਦੂਦ ਰੱਖਣਾ ਸਹੀ ਪਹੁੰਚ ਨਹੀਂ। ਇਸ ਔਰਤ ਨਾਟਕ ਮੇਲੇ ਦਾ ਪਰਚਾਰ ਫਗਵਾੜਾ ਵਿਚ ਅਤੇ ਆਸ-ਪਾਸ ਦੇ ਇਲਾਕੇ ਵਿਚ ਵੱਡੀ ਪੱਧਰ 'ਤੇ ਕੀਤਾ ਗਿਆ ਹੈ। ਬੈਨਰ ਸ਼ਹਿਰ ਦੇ ਮੁੱਖ ਬਾਜ਼ਾਰਾਂ ਵਿਚ ਲਗਾਏ ਗਏ ਹਨ ਅਤੇ ਇਕ ਹਜ਼ਾਰ ਵੱਡੇ ਇਸ਼ਤਿਹਾਰ ਥਾਂ-ਥਾਂ ਲਗਾਏ ਗਏ ਹਨ।

ਇਸ਼ਤਿਹਾਰ ਆਪਣੇ-ਆਪ ਵਿਚ ਜਾਗ੍ਰਿਤੀ ਦੀ ਇਕ ਮੁਹਿੰਮ ਦਾ ਹਿੱਸਾ ਹਨ। ਵੱਡੇ ਅੱਖਰਾਂ ਵਿਚ ਔਰਤਾਂ ਦੀਆਂ ਮੰਗਾਂ ਲਿਖੀਆਂ ਗਈਆਂ ਹਨ।

* ਔਰਤਾਂ ਹਰ ਕਿਸਮ ਦੇ ਜਬਰ-ਜ਼ੁਲਮ, ਅੱਤਿਆਚਾਰ ਵਿਰੁੱਧ ਆਪਣਾ ਏਕਾ ਪੱਕਾ ਕਰਨ।
* ਔਰਤਾਂ, ਬੱਚੀਆਂ ਨਾਲ ਛੇੜਖਾਨੀਆਂ, ਬਲਾਤਕਾਰ, ਉਧਾਲਿਆਂ ਵਿਰੁੱਧ ਆਪਣੀ ਆਵਾਜ਼ ਉਠਾਉਣ।
* ਔਰਤਾਂ ਮਾਸੂਮ ਬੱਚੀਆਂ ਨੂੰ ਕੁੱਖ ਵਿਚ ਮਰਵਾਉਣ ਵਿਰੁੱਧ ਆਪਣੀ ਆਵਾਜ਼ ਉਠਾਉਣ।
* ਔਰਤਾਂ ਦੀ ਨੰਗੀ, ਅਧਨੰਗੀ ਫ਼ੋਟੋ ਰਾਹੀਂ ਵਿਉਪਾਰੀਆਂ ਦੇ ਵਿਉਪਾਰ ਨੂੰ ਰੋਕਣ ਲਈ ਅੱਗੇ ਆਉਣ।
* ਔਰਤਾਂ ਦਾਜ ਦੀ ਖਾਤਰ ਬਲੀ ਚੜ੍ਹਦੀਆਂ ਜਾਂ ਚੜ੍ਹਾਈਆਂ ਜਾਂਦੀਆਂ ਧੀਆਂ/ਭੈਣਾਂ ਦੀ ਰਾਖੀ ਲਈ ਇਕੱਠੀਆਂ ਹੋਣ।
* ਔਰਤਾਂ ਆਪਣੇ ਅੰਦਰ ਨਵੀਂ ਨਿਵੇਲੀ ਰੂਹ ਭਰਕੇ ਹੱਕ, ਸੱਚ, ਇਨਸਾਫ਼ ਲਈ ਜੂਝ ਮਰਨ ਦੀ ਤਾਂਘ ਭਰਨ।
* ਖੇਤ ਮਜ਼ਦੂਰ ਔਰਤਾਂ, ਫੈਕਟਰੀ ਮਜ਼ਦੂਰ ਔਰਤਾਂ ਆਪਣੇ ਹੱਕਾਂ ਦੀ ਰਾਖੀ ਕਰਨ ਲਈ ਆਪ ਅੱਗੇ ਆਉਣ।

ਅੱਜ ਲੋੜ ਹੈ ਸਾਨੂੰ ਸਾਰਿਆਂ ਨੂੰ ਇਕੱਠੇ ਹੋਣ ਦੀ, ਸੋਚਣ-ਵਿਚਾਰਨ ਦੀ ਅਤੇ ਜਾਗ੍ਰਿਤ ਹੋਣ ਦੀ।

ਫਗਵਾੜਾ ਵਿਚੋਂ ਲੰਘਦਿਆਂ ਇਸ ਇਸ਼ਤਿਹਾਰ 'ਤੇ ਤੁਹਾਡੀ ਨਜ਼ਰ ਪੈਂਦੀ ਹੈ। ਤੁਸੀਂ ਔਰਤ ਨਾਟਕ ਮੇਲੇ 'ਤੇ ਜਾਣ ਦੀ ਤਿਆਰੀ ਕਰਦੇ ਹੋ।

ਇਸ ਨਾਟਕ ਮੇਲੇ 'ਤੇ ਜਿਹੜੇ ਨਾਟਕ ਕੀਤੇ ਜਾ ਰਹੇ ਹਨ, ਉਨ੍ਹਾਂ ਵਿਚ 'ਮੈਂ ਹੁਣ ਇਹ ਨਹੀਂ ਹੋਣ ਦਿਆਂਗੀ', 'ਸਿਰਜਨਾ', 'ਬੇਗਮੋ ਦੀ ਧੀ', 'ਜਦੋਂ ਮੈਂ ਸਿਰਫ਼ ਔਰਤ ਹੁੰਦੀ ਹਾਂ' ਆਦਿਕ ਸ਼ਾਮਲ ਹਨ। ਕੋਰੀਓਗ੍ਰਾਫ਼ੀਆਂ ਅਤੇ ਸਮੂਹ ਗੀਤ ਔਰਤ ਜਾਗ੍ਰਿਤੀ ਨੂੰ ਸਮਰਪਣ ਹਨ।

ਔਰਤਾਂ ਦਾ ਨਾਟਕ ਮੇਲਾ ਜਿਸ ਸਮੇਂ ਹੋ ਰਿਹਾ ਹੈ, ਦੇਸ਼ ਦੀ ਰਾਜਨੀਤੀ ਵਿਚ ਬੜੀਆਂ ਤਬਦੀਲੀਆਂ ਆ ਰਹੀਆਂ ਹਨ। 33 ਫ਼ੀ ਸਦੀ ਰਾਖਵਾਂਕਰਨ ਦੀ ਮੰਗ ਹੁਣ ਇਕ ਵਿਸ਼ੇਸ਼ ਰੂਪ ਧਾਰ ਗਈ ਹੈ।

ਸਪੱਸ਼ਟ ਨਿਤਾਰਾ ਹੋ ਰਿਹਾ ਹੈ। ਗਲੋਬੀਕਰਨ ਦੀਆਂ ਨੀਤੀਆਂ ਦਾ ਬਹੁਤਾ ਭਾਰ ਔਰਤਾਂ 'ਤੇ ਪੈਣਾ ਹੈ, ਕਿਉਂਕਿ ਸਸਤੀ ਮਜ਼ੂਰੀ ਦੀ ਵੱਡੀ ਮਾਰਕਿਟ ਉਹੀ ਮੁਹੱਈਆ ਕਰਦੀਆਂ ਹਨ। ਇਸੇ ਤਰ੍ਹਾਂ ਮਹਿੰਗਾਈ ਦਾ ਵੱਡਾ ਬੋਝ ਔਰਤਾਂ ਨੂੰ ਬਰਦਾਸ਼ਤ ਕਰਨਾ ਪੈ ਰਿਹਾ ਹੈ, ਜਿਨ੍ਹਾਂ ਦੇ ਜ਼ਿੰਮੇ ਘਰ ਗ੍ਰਹਿਸਥੀ ਚਲਾਉਣਾ ਹੈ। ਡਾਕਟਰੀ ਅਤੇ ਸਿਹਤ ਸਹੂਲਤਾਂ ਜਿਹੜੀਆਂ ਸਰਕਾਰੀ ਹਸਪਤਾਲਾਂ ਤੋਂ ਵਾਪਸ ਲਈਆਂ ਜਾ ਰਹੀਆਂ ਹਨ, ਉਨ੍ਹਾਂ ਦਾ ਦੁੱਖ ਵੀ ਔਰਤਾਂ ਨੂੰ ਹੀ ਬਹੁਤਾ ਉਠਾਉਣਾ ਪੈ ਰਿਹਾ ਹੈ।

ਸਭਿਆਚਾਰਕ ਮੁਹਾਜ਼ ਤੇ ਪਲਸ ਮੰਚ ਵੱਲੋਂ ਔਰਤਾਂ ਦੇ ਮਸਲੇ ਨੂੰ ਮੁਖਾਤਿਬ ਹੋਣਾ ਆਪਣੇ-ਆਪ ਵਿਚ ਇਕ ਬਹੁਤ ਹੀ ਲੋੜੀਂਦੀ ਦਿਸ਼ਾ ਵੱਲ ਸਹੀ ਕਦਮ ਹੈ।

•••

ਵਿਚਾਰ-ਚਰਚਾ

ਗੁਰਸ਼ਰਨ ਸਿੰਘ



15 H Oct 2000